**THE PUNJAB STATE BOARD OF TECHNICAL EDUCATION AND INDUSTRIAL TRAINING**

PLOT NO. 1-A, SEC. 36-A, CHANDIGARH PH. : 615385, 622584-85 FAX : 560734

**No.PSBTE&IT/DA/2019/** 548 **Date:-** 12-02-19

**ਅਤਿ ਜਰੂਰੀ**

ਵੱਲ

ਸਮੂਹ ਪ੍ਰਿੰਸੀਪਲ ਸਾਹਿਬਾਨ,
ਬਹੁਤਕਨੀਕੀ/ਫਾਰਮੇਸੀ ਸੰਸਥਾਵਾਂ
(ਪੀ.ਐਸ.ਬੀ.ਟੀ.ਈ ਐਡ.ਆਈ.ਟੀ ਅਧੀਨ ਆਉਣ ਵਾਲੀਆ)
ਪੰਜਾਬ, ਚੰਡੀਗੜ੍ਹ।

ਵਿਸ਼ਾ:- **ਸੰਸਥਾਵਾਂ ਵੱਲੋਂ** ਸੈਸਨ 2019-20 ਲਈ ਇੰਸਪੈਕਸ਼ਨ ਪ੍ਰੋਫਾਰਮਾ ਭਰ ਕੇ ਰੱਖਣ ਅਤੇ ਨਵੀਆਂ ਖੁੱਲ ਰਹੀਆਂ ਸੰਸਥਾਵਾਂ ਦੀ ਇੰਸਪੈਕਸ਼ਨ ਸ਼ਨੀਵਾਰ/ਐਤਵਾਰ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਣਯੋਗ ਹੈ ਕਿ ਸੈਸ਼ਨ 2019-20 ਲਈ ਇੰਸਪੈਕਸ਼ਨ ਪ੍ਰੋਫਾਰਮਾ ਬੋਰਡ ਦੀ ਵੈੱਬਸਾਈਟ ਉੱਤੇ ਅਪਲੋਡ ਕਰ ਦਿੱਤਾ ਗਿਆ ਹੈ। ਸਾਰੀਆਂ ਸੰਸਥਾਵਾਂ ਇਸ ਪ੍ਰੋਫਾਰਮੇ ਨੂੰ ਭਰ ਕੇ ਰੱਖਣ ਤਾਂ ਜੋ ਇੰਸਪੈਕਸ਼ਨ ਟੀਮਾਂ ਆ ਕੇ ਪ੍ਰਫਾਰਮਾ ਵੈਰੀਫਾਈ ਕਰ ਸਕਣ।

ਇਸ ਦੇ ਨਾਲ ਹੀ ਇੰਸਪੈਕਸ਼ਨ ਪ੍ਰੋਸੈੱਸ ਨੂੰ ਸਮੇ ਬੱਧ ਮੁਕੰਮਲ ਕਰਨ ਵਾਸਤੇ ਸੈਸਨ 2019-20 ਵਿੱਚ ਨਵੀਆਂ ਫਾਰਮੇਸੀ ਸੰਸਥਾਵਾਂ ਦੀ ਇੰਸਪੈਕਸ਼ਨ ਸ਼ਨੀਵਾਰ ਅਤੇ ਐਤਵਾਰ ਵੀ ਕੀਤੀ ਜਾ ਸਕਦੀ ਹੈ ਕਿਉਂ ਜੋ ਸਬੰਧਤ ਸੰਸਥਾਵਾਂ ਵਿੱਚ AICTE ਅਤੇ PCI ਨਵੀਂ ਦਿੱਲੀ ਦੀ Norms ਮੁਤਾਬਿਕ ਸਿਰਫ ਇਨਫਰਾਸਟਰਕਚਰ, ਫੈਕਲਟੀ, ਸਾਜੋਸਮਾਨ ਆਦਿ ਚੈੱਕ ਕੀਤਾ ਜਾਂਦਾ ਹੈ ਵਿਦਿਆਰਥੀ ਨਹੀਂ ਚੈੱਕ ਕੀਤੇ ਜਾਂਦੇ।

ਇਸ ਲਈ ਨਵੀਆਂ ਸੰਸਥਾਵਾਂ ਸ਼ਨੀਵਾਰ ਅਤੇ ਐਤਵਾਰ ਵੀ ਕਾਲਜ ਖੁੱਲਾ ਰੱਖਣਾ ਯਕੀਨੀ ਬਣਾਉਣ ਤਾਂ ਜੋ ਇੰਸਪੈਕਸ਼ਨ ਟੀਮ ਵੱਲੋਂ ਸਬੰਧਤ ਸੰਸਥਾਵਾਂ ਦੀ ਇੰਸਪੈਕਸ਼ਨ ਸਮੇਂ ਤੇ ਕੀਤੀ ਜਾ ਸਕੇ।

ਇਹ ਪੱਤਰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾ ਰਿਹਾ ਹੈ ਜੀ।

12/2/19
ਡਾਇਰੈਕਟਰ ਅਕਾਦਮਿਕ
ਵਾ. ਸਕੱਤਰ PSBTE&IT ਚੰਡੀਗੜ੍ਹ

12/2/19